1. The notice convening the AGM along with the weblink of the Annual Report for the Financial year 2025-26 has been sent through electronic mode to the members on Monday, 07th September, 2026 and simultaneously a physical notice being sent to those members whose email is not registered. The full version of the Notice of AGM and the 39th Annual Report are available on the website of the company at **www.knagri.com**. **2.** The cut-off date for the purpose of ascertaining eligibility of members, to avail remote e-voting facility / voting at the general meeting is **Wednesday, 23rd September, 2026.** The members holding shares as on the cut-off date shall only be entitled to avail the remote e-voting facility provided by the NSDL. **3.** The Remote e-voting period will commence on **Sunday, 27th September, 2026 at 09:00 a.m.** and end on **Tuesday, 29th September, 2026 at 05:00 p.m.** The remote e-voting module will be disabled thereafter by NSDL. Once the vote on resolution is cast by a member, no change will be allowed subsequently. The detailed procedure/ instruction for the process of remote e-voting has been specified in the notice. **4.** A member may participate in the general meeting even after exercising his voting right through remote e-voting, but shall not be allowed to vote again at the meeting. **5.** A person who acquires shares and becomes member of the Company after the dispatch of the notice and holding shares as on the cut-off date i.e. Wednesday, 23rd September, 2026 may obtain the Login-ID and password by sending the request at **evoting@nsdl.co.in** or may contact at toll free number provided by NSDL: 1800-222-990. **6.** NSDL Helpdesk: Members holding shares in Demat mode with NSDL, and facing any technical issue related to Login may send their request at **evoting@nsdl.co.in** or may call at the Tollfree no. 1800-1020-990 / 1800-224-430. **7.** CDSL Helpdesk: Members holding shares in Demat mode with CDSL, and facing any technical issue related to Login may send their request at **evoting@cdslindia.com** or may contact at 022-23058738 / 022-2305842.
Members are requested to carefully read the detailed instructions set out in the Notice of AGM, indicating the manner of casting vote through remote e-voting / voting at the AGM.

For KN Agri Resources Limited
Sd/- Dhirendra Shrishrimal
Whole-time Director & CFO (DIN: 00324169)
Date: 07.09.2026
Place: Raipur

Kotak Mahindra Bank Limited
POSSESSION NOTICE

Registered Office: 27 BKC, C 27, G-Block, Bandra Kurla Complex, Bandra (E), Mumbai- 400051
Branch Office: 7th Floor, Plot No. 7, Sector-125, Noida, Uttar Pradesh – 201313

Whereas, the Authorized Officer of Kotak Mahindra Bank Ltd. issued a demand notice under Section 13(2) of the SARFAESI Act, 2002 calling upon the borrower(s) to repay the dues within 60 days and whereas the borrower(s) having failed to repay the said amount within the stipulated period, Notice is hereby given that the undersigned has taken possession of the secured asset under Section 13(4) of the Act read with Rule 8 of the Security Interest (Enforcement) Rules, 2002 on the respective date(s) mentioned below. The borrower(s) and the public are cautioned not to deal with the below mentioned property(s), as it is under the Bank's charge for recovery of dues along with interest, costs and charges. The borrower(s) may redeem the secured asset under Section 13(8) of the Act before its sale by paying the full outstanding dues.

Name Of the Borrower(s) and Loan Account No.	Details of the secured asset and the mortgagor	1. Date of Possession 2. Type of Possession 3. Demand Notice Date 4. Amount Due In Rs.
1. Vijay Sharma W/O Sukhvinder Kumar 2. Sukhvinder Kumar 3. Prince Sharma Loan Account Number: 19100042349	All that piece and parcel of property bearing House No. B015/01133-06, admeasuring 850.75 sq.ft., situated at Ward No.21, Sector-10, Near Anaj Mandi, Badala Road, Kharar Tehsil, Dist. S.A.S. Nagar, Rupnagar, Punjab-140301. Being bounded as here under: East: 28 feet Wide Road, West: Plot of Amandeep Singh, North: Plot of Chandrama Kumar, South: Plot of Harjinder Singh. **Name of the Mortgagor:** Mrs. Vijay Sharma.	1. 01.09.2026 2. Symbolic Possession 3. 19.09.2025 4. Rs.2442198.75/- due as of 03.09.2025 with applicable interest from 04.09.2025 along with cost and charges until payment in full.
1. Mr. Ram Pal S/O Mr. Sham Lal 2. Mrs. Kuljeet Kaur W/O Mr. Ram Pal Loan Account Number: 29000000389	All that piece and parcel of Plot no. 181 Min Karan Vihar Colony, Near Diamond Avenue, Khasra No. 20//15 Min, Ganda Singh Wala & Water Tank, Amritsar, Punjab in 143001. Boundary: North- 20 ft. Wide, East- Plot No. 180, South- Plot No. 182, West- Remaining Part of Plot. **Name of the Mortgagor:**Mr. Ram Pal S/O Sham Lal.	1. 03.09.2026 2. Symbolic Possession 3. 11.11.2025 4. Rs.2495828.11/- due as of 10.11.2025 with applicable interest from 11.11.2025 along with cost and charges until payment in full.
1. Akash Mehra S/O Late Jaimal Raj 2. Rinku Kumar S/O Bihari Lal Loan Account Number: 29000000246	All that piece and parcel of property bearing No.19, measuring total area of 30.88 sq.yds. Bearing Khasra No. 1329, 1331, 1332, 2159/1336 min situated in the area of Tung Pai Sub-Urban Abadi Rose Avenue Amritsar bounded as follows East: Gali 15 ft. wide, West: Plot No. 19-A, North: Plot No. 18, South: Gali 15 ft wide. **Name of the Mortgagor:**Mr. Akash Mehra.	1. 03.09.2026 2. Symbolic Possession 3. 19.09.2025 4. Rs.687085.67/- due as of 09.09.2025 with applicable interest from 10.09.2025 along with cost and charges until payment in full.
1. Mr. Vijay Kumar S/O Mr. Ram Sarup 2. Mrs. Pooja W/O Mr. Vijay Kumar Loan Account Number: 13500009368	All that piece and parcel of First Floor of Plot No. 45 situated at "Shree Devaji Residency" Village Kishanpura M.C & Sub-Tehsil Zirakpur, Tehsil Dera Bassi District Sas Nagar (Pb) built on the land comprised in Khasra No. 155(4-0), 156(4-0), 157(1-10), Kitte 3, Vide Khewat/Khataoni No. 41/43 in which share of above said floor 0 Bigha 0 Biswa 15 Biswasi i.e. 15/3800 share of total land 9 Bigha 10 Biswa (1/3 share comprising 37.40 Sq. Yard of 112.22 Sq. Yard). **Name of the Mortgagor:**Mrs. Pooja & Mr. Vijay Kumar.	1. 01.09.2026 2. Symbolic Possession 3. 10.12.2025 4. Rs.2070134.65/- due as of 20.11.2025 with applicable interest from 21.11.2025 along with cost and charges until payment in full.
1. Dilip Kumar S/O Ram Kumar 2. Ram Kumar S/O Chinta Prasad Loan Account Number: 16500002370	All that piece and parcel of Plot measuring about 6 marlas 168 sq. ft. bearing Khasra No.24//11/2min, 20 min, 21/1, 11/2min, 12/2 min, 19/2, 20min, 24//32, situated at Village Bolina Tehsil & District Jalandhar and bounded as: East: Paramjit Singh, West: Road, North: Mahinder Singh, South: Road **Name of the Mortgagor:**Ram Kumar.	1. 03.09.2026 2. Symbolic Possession 3. 17.09.2025 4. Rs.1801641.85/- due as of 19.08.2025 with applicable interest from 20.08.2025 along with cost and charges until payment in full.

Date: 08.09.2026
Place: Punjab

For Kotak Mahindra Bank Ltd.,
Authorized Officer

For any query please Contact Mr. Shailender Singh/ Mr. Arvindkumar Tiwary, (Mob+919811638929/ +919810698044)

ਵਿਧਾਇਕ ਕੁਲਵੰਤ ਸਿੰਘ ਦੀ ਦੇਖ-ਰੇਖ ਹੇਠ ਮੋਹਾਲੀ ਤੋਂ 3 ਬੱਸਾਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ

ਮੋਹਾਲੀ • ਸੁਖਦੇਵ ਸਿੰਘ ਪਟਵਾਰੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਅੱਜ ਮੁਹਾਲੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਕੁਲਵੰਤ ਸਿੰਘ ਦੀ ਦੇਖ-ਰੇਖ ਹੇਠ 3 ਬੱਸਾਂ ਨੂੰ ਰਵਾਨਾ ਕੀਤਾ ਗਿਆ, ਇਹਨਾਂ ਬੱਸਾਂ ਨੂੰ ਮੋਹਾਲੀ ਕਾਰਪੋਰੇਸ਼ਨ ਦੇ ਮੇਅਰ - ਸਰਬਜੀਤ ਸਿੰਘ ਸਮਾਣਾ ਵੱਲੋਂ ਹਰੀ ਝੰਡੀ ਦਿੱਤੀ ਗਈ, ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੇਅਰ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਦੀ ਆਸਥਾ ਅਤੇ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੁਰੂ ਕੀਤੀ ਗਈ, ਮੁੱਖ ਮੰਤਰੀ ਯੋਜਨਾ ਦੇ ਤਹਿਤ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ, ਰਾਮ ਤੀਰਥ ਵਾਲਮੀਕ ਮੰਦਰ, ਵਾਹਗਾ ਬਾਰਡਰ ਅਤੇ ਜਲਿਆਂ ਵਾਲੇ ਬਾਗ ਦੇ ਦਰਸ਼ਨ ਸੰਗਤ ਦੇ ਰੂਪ ਵਿੱਚ ਕਰਕੇ ਵਾਪਸ ਪਰਤਣਗੇ। ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜ਼ਨ ਦੀ ਸਹੂਲਤ ਦੇ ਲਈ ਯਾਤਰਾ ਦੌਰਾਨ ਗਾਈਡ ਅਤੇ ਡਾਕਟਰ ਵੀ ਹਰ ਵੇਲੇ ਉਪਲਬਧ ਕਰਵਾਇਆ ਜਾਂਦਾ ਹੈ, ਤਾਂ ਕਿ ਕਿਸੇ ਵੀ ਸ਼ਰਧਾਲੂ ਸੀਨੀਅਰ ਸਿਟੀਜ਼ਨ ਨੂੰ ਯਾਤਰਾ ਦੌਰਾਨ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ। ਮੇਅਰ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦੇ ਦਿਸ਼ਾ-ਨਿਰਦੇਸ਼ਾਂ ਹੇਠ

ਪੰਜਾਬ ਭਰ ਵਿੱਚ ਸਫਾਈ ਅਭਿਆਨ ਸ਼ੁਰੂ ਕੀਤਾ ਗਿਆ ਹੈ, ਮੁਹਾਲੀ ਵਿੱਚ ਸਫਾਈ ਅਭਿਆਨ ਵਾਲੇ ਪ੍ਰਾਜੈਕਟ ਮੋਹਾਲੀ ਵਿੱਚ ਦਾਖਲ ਹੁੰਦਿਆਂ ਹੀ ਹਰਿਆਲੀ- ਏਅਰਪੋਰਟ ਰੋਡ ਤੋਂ ਇਸ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ, ਜੋ ਕਿ ਲਗਾਤਾਰ ਚੱਲ ਰਹੀ ਹੈ, ਨਜਾਇਜ਼ ਕਬਜ਼ਾ - ਕਰਕਟ ਫੈਲਾਉਣ ਵਾਲਿਆਂ ਤੇ ਨਿਗਰਾ ਰੱਖੀ ਜਾ ਰਹੀ ਹੈ, ਮੇਅਰ ਸ੍ਰੀ ਸਮਾਣਾ ਨੇ ਕਿਹਾ ਕਿ ਮੋਹਾਲੀ ਵਿੱਚ ਸਫਾਈ ਮੁਹਿੰਮ ਅਗਾਂਹ ਵੀ ਲਗਾਤਾਰ ਜਾਰੀ ਰੱਖੀ ਜਾਵੇਗੀ, ਸੈਕਟਰ 67 ਤੋਂ 2 ਬੱਸਾਂ ਜਦਕਿ ਪਿੰਡ ਝਾਮਪੁਰ ਤੋਂ ਸ਼ਰਧਾਲੂਆਂ ਨਾਲ ਭਰੀ ਇੱਕ ਬੱਸ ਨੂੰ ਰਵਾਨਾ ਕੀਤੇ ਜਾਣ ਦੇ ਦੌਰਾਨ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਹਲਕਾ ਕੋਆਰਡੀਨੇਟਰ ਅਤੇ ਸਟੇਟ ਅਵਾਰਡੀ - ਫੁਲਰਾਜ ਸਿੰਘ ਵੀ ਹਾਜ਼ਰ ਰਹੇ। ਇਸ ਮੌਕੇ ਤੇ ਕੌਂਸਲਰ ਮੈਡਮ ਰਮਨਪ੍ਰੀਤ ਕੌਰ ਕੁੰਭੜਾ, ਮੈਡਮ ਬਲਜਿੰਦਰ ਕੌਰ-ਵਾਰਡ ਨੰਬਰ ਵਾਰਡ ਇੰਚਾਰਜ ਆਮ ਆਦਮੀ ਪਾਰਟੀ, ਮਹਿੰਦਰ ਸਿੰਘ, ਬਲਵੀਰ ਮਸੀਹ, ਮਹਿਮਾ ਸਿੰਘ, ਕਰਮ ਸਿੰਘ- ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਵੀਰ ਸਿੰਘ, ਬਾਜਵਾ ਜੀ, ਗੁਰਨਾਮ ਸਿੰਘ, ਐਨ.ਪੀ. ਸਿੰਘ, ਗੁਰਚਰਨ ਸਿੰਘ ਬੀ.ਐਸ. ਢਿੱਲੋਂ, ਗੁਰਪ੍ਰੀਤ ਸਿੰਘ ਪੰਚ ਝਾਮਪੁਰ, ਅਵਤਾਰ ਸਿੰਘ ਝਾਮਪੁਰ, ਸਰਵਿੰਦਰ ਸਿੰਘ ਮੈਂਬਰ ਪੰਚਾਇਤ, ਰਾਮ ਸਿੰਘ ਸਾਬਕਾ ਮੈਂਬਰ ਪੰਚਾਇਤ, ਕੁਲਵਿੰਦਰ ਕੌਰ, ਕਮਲਜੀਤ ਕੌਰ ਕਾਹਲੋਂ, ਕੁਲਜਿੰਦਰ ਸਿੰਘ ਵੀ ਹਾਜ਼ਰ ਸਨ।

ਅਧਿਆਪਕ ਦਿਵਸ ਮੌਕੇ ਪੰਜਾਬ ਗਰੁੱਪ ਆਫ਼ ਕਾਲਜਿਜ਼ ਵਿੱਚ ਅਧਿਆਪਕਾਂ ਦਾ ਸਨਮਾਨ ਸਮਾਰੋਹ

ਫਿਰੋਜ਼ਪੁਰ ਸ਼ਹਿਰ • ਨਰਿੰਦਰ ਸਿੰਘ

ਪੰਜਾਬ ਗਰੁੱਪ ਆਫ਼ ਕਾਲਜਿਜ਼, ਸਰਦਪੁਰਾ ਭੂੰਨੀ ਕਲਾਂ ਵਿਖੇ ਅਧਿਆਪਕ ਦਿਵਸ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀਮਤੀ ਰਮਿੰਦਰਜੀਤ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ 'ਤੇ ਪੰਜਾਬ ਗਰੁੱਪ ਆਫ਼ ਕਾਲਜਿਜ਼ ਦੇ ਚੇਅਰਮੈਨ ਸ੍ਰੀ ਡਾਇਰੈਕਟਰ ਵੀ ਹਾਜ਼ਰ ਸਨ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਪਿਆਰ ਪ੍ਰਗਟ ਕਰਦਿਆਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ, ਭਾਸ਼ਣਾਂ ਅਤੇ ਹੋਰ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਸਮਾਗਮ ਨੂੰ ਯਾਦਗਾਰ ਬਣਾਇਆ। ਇਸ ਮੌਕੇ ਕਾਲਜ ਦੇ ਚੇਅਰਮੈਨ ਸ੍ਰੀ ਨਿਰਮਲ ਸਿੰਘ ਨੇ ਸਮੂਹ ਅਧਿਆਪਕ ਵਰਗ ਨੂੰ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਨੂੰ ਸਹੀ ਦਿਸ਼ਾ ਦੇਣ ਵਾਲੇ ਮਾਰਗਦਰਸ਼ਕ ਹੁੰਦੇ ਹਨ। ਵਿਸ਼ੇਸ਼ ਮਹਿਮਾਨ ਸ੍ਰੀਮਤੀ ਰਮਿੰਦਰਜੀਤ ਕੌਰ ਨੇ ਵੀ ਅਧਿਆਪਕਾਂ ਦੀ ਸਮਾਜ ਅਤੇ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ। ਕਾਲਜ ਦੀ ਪ੍ਰਿੰਸੀਪਲ ਡਾ. ਸੁਮਨਦੀਪ ਕੌਰ ਨੇ ਅਧਿਆਪਕਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇੱਕ ਚੰਗਾ ਅਧਿਆਪਕ ਵਿਦਿਆਰਥੀ ਨੂੰ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਦਿੰਦਾ, ਸਗੋਂ ਉਸ ਵਿੱਚ ਚੰਗੇ ਸੰਸਕਾਰ, ਆਤਮ-ਵਿਸ਼ਵਾਸ ਅਤੇ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਕਰਦਾ ਹੈ। ਸਮਾਗਮ ਦੇ ਅੰਤ ਵਿੱਚ ਐਚ.ਓ.ਡੀ. ਡਾ. ਗੀਤਾ ਰਾਣੀ ਨੇ ਕਾਲਜ ਪ੍ਰਬੰਧਕਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਸਮਾਗਮ ਅਧਿਆਪਕ-ਵਿਦਿਆਰਥੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਦੇ ਹਨ।

ਸ਼੍ਰੋਮਣੀ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਕਰਵਾਇਆ ਗੁਰਮਤਿ ਸਮਾਗਮ ਅਤੇ ਨਗਰ ਕੀਰਤਨ ਦਾ ਕੀਤਾ ਸਵਾਗਤ

ਨਾਭਾ • ਸਾਹਿਲ ਮਦਾਨ

ਸ਼੍ਰੋਮਣੀ ਅਮਰ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ) ਜੀ ਦੇ 365ਵੇਂ ਪ੍ਰਕਾਸ਼ ਦਿਹਾੜੇ, ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਦਿਹਾੜੇ ਅਤੇ ਸੰਤ ਬਾਬਾ ਅਤਰ ਸਿੰਘ ਜੀ ਦੀ 100 ਸਾਲਾ ਬਰਸੀ ਸਮਾਗਮ ਨੂੰ ਸਮਰਪਿਤ 12ਵੇਂ ਸਾਲਾਨਾ ਚੇਤਨਾ ਮਾਰਚ ਤੇ ਗੁਰਮਤਿ ਸਮਾਗਮ ਮੌਕੇ ਅਤੇ ਮਹਾਨ ਨਗਰ ਕੀਰਤਨ ਦਾ ਗੁਰਦੁਆਰਾ ਯਾਦਗਾਰੀ ਬਾਬਾ ਜੀਵਨ ਸਿੰਘ ਜੀ (ਰੰਘਰੇਟਾ ਸਾਹਿਬ) ਬੌੜਾਂ ਗੇਟ ਨਾਭਾ ਦੇ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਪ੍ਰਸਿੱਧ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਕਿਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਗੁਰੂ ਸਾਹਿਬ ਦੇ ਪਾਵਨ ਸੀਸ ਨੂੰ ਅਦੁੱਤੀ ਜਜ਼ਬੇ ਅਤੇ ਸ਼ਰਧਾ ਨਾਲ ਸੰਭਾਲ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਤੱਕ ਪਹੁੰਚਾਉਣ ਵਾਲੇ ਮਹਾਨ ਸ਼ਹੀਦ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੀ ਲਾਸਾਨੀ ਕੁਰਬਾਨੀ ਨੂੰ ਸਿੱਖ ਪੰਥ ਸਦਾ ਸਤਿਕਾਰ ਨਾਲ ਯਾਦ ਕਰਦਾ ਰਹੇਗਾ। ਰਣਜੀਤ ਅਖਾੜਾ ਗੁਰਦੁਆਰਾ ਸਾਹਿਬ ਘੋੜਿਆਂਵਾਲਾ ਨਾਭਾ ਤੋਂ ਭਾਈ ਗੁਰਨੂਰ ਸਿੰਘ ਅਤੇ ਸਮੂੰਹ ਜੱਥੇ ਨੇ ਗੱਤਕੇ ਦੇ ਜੌਹਰ ਵਿਖਾਏ ਅਤੇ ਕਵਿਸ਼ਰੀ ਰਾਹੀਂ ਸਿੱਖ ਇਤਿਹਾਸ ਨਾਲ ਜੋੜਿਆ। ਇਸ ਮੌਕੇ ਹਲਕਾ ਵਿਧਾਇਕ ਗੁਰਦੇਵ ਸਿੰਘ (ਦੇਵਮਾਨ), ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇਚਾਰਜ ਮੱਖਣ ਸਿੰਘ ਲਾਲਕਾ, ਜਥੇਦਾਰ ਪਰਮਜੀਤ ਸਿੰਘ ਸਹੋਲੀ, ਐਡਵੋਕੇਟ ਗੋਬਿੰਦਰ ਸਿੰਘ, ਗੋਬਿੰਦ ਸਿੰਘ, ਸੂਬੇਦਾਰ ਦਿਲਬਾਗ ਸਿੰਘ ਥੀਭੜ ਆਦਿ ਤੋਂ ਇਲਾਵਾ ਸ਼ਹਿਰ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਹ ਨਗਰ ਕੀਰਤਨ ਗੁਰਦੁਆਰਾ ਪਾਤਸ਼ਾਹੀ ਦਸਵੀਂ ਭਦੌੜ ਤੋਂ ਰਵਾਨਾ ਹੋਇਆ, ਜਿਸ ਦੀ ਸਮਾਪਤੀ ਗੁਰਦੁਆਰਾ ਤਪ ਅਸਥਾਨ ਬਾਬਾ ਜੀਵਨ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ। ਨਗਰ ਕੀਰਤਨ ਦੇ ਸਵਾਗਤ ਮੌਕੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਸੰਡਰੇਵਾਲ ਵਿਖੇ ਗੁੱਗਾ ਨੌਮੀ ਮੌਕੇ ਲੱਗਿਆ ਸ਼ਾਨਦਾਰ ਮਹਾ ਛਿੰਝ ਮੇਲਾ

ਬਲਾਚੌਰ • ਸੁਰਜੀਤ ਸਿੰਘ

ਗੁੱਗਾ ਨੌਮੀ ਦੇ ਪਵਿੱਤਰ ਦਿਹਾੜੇ ਮੌਕੇ ਪਿੰਡ ਸੰਡਰੇਵਾਲ ਵਿਖੇ ਨੌਜਵਾਨਾਂ ਅਤੇ ਗ੍ਰਾਮ ਸਭਾ ਦੇ ਸਹਿਯੋਗ ਨਾਲ ਮਹਾ ਛਿੰਝ ਮੇਲਾ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਕਰਵਾਇਆ ਗਿਆ। ਮੇਲੇ ਵਿੱਚ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਪਹੁੰਚ ਕੇ ਪਹਿਲਵਾਨਾਂ ਦੇ ਜ਼ਬਰਦਸਤ ਕੁਸ਼ਤੀ ਮੁਕਾਬਲਿਆਂ ਦਾ ਆਨੰਦ ਮਾਣਿਆ। ਗੁੱਗਾ ਜੀ ਦੇ ਦਰਬਾਰ ਵਿਖੇ ਜਨਮ ਅਸ਼ਟਮੀ ਦੇ ਦਿਨ ਝੰਡਾ ਦਾ ਆਯੋਜਨ ਕੀਤਾ ਗਿਆ, ਜਦਕਿ ਗੁੱਗਾ ਨੌਮੀ ਦੇ ਦਿਨ ਵਿਸ਼ਾਲ ਛਿੰਝ ਮੇਲਾ ਕਰਵਾਇਆ ਗਿਆ। ਮੇਲੇ ਦੌਰਾਨ ਪਹਿਲਵਾਨਾਂ ਵੱਲੋਂ ਅਖਾੜੇ ਵਿੱਚ ਆਪਣੇ ਜ਼ੋਰ ਦਿਖਾਉਂਦਿਆਂ ਇੱਕ-ਦੂਜੇ ਨੂੰ ਸਖ਼ਤ ਟੱਕਰ ਦਿੱਤੀ ਗਈ, ਜਿਸ ਨਾਲ ਦਰਸ਼ਕਾਂ ਵਿੱਚ ਖਾਸਾ ਉਤਸ਼ਾਹ ਦੇਖਣ ਨੂੰ ਮਿਲਿਆ। ਮੇਲੇ ਦੀ ਖਾਸ ਵਿਸ਼ੇਸ਼ਤਾ ਪਹਿਲਵਾਨਾਂ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ ਰਿਹਾ। ਗੁੱਗਾ ਜੀ ਦੇ ਭਗਤਾਂ ਅਤੇ ਪਿੰਡ ਵਾਸੀਆਂ ਵੱਲੋਂ ਕੁਸ਼ਤੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਪਹਿਲਵਾਨਾਂ ਨੂੰ ਹੌਸਲਾ-ਅਫ਼ਜ਼ਾਈ ਵਜੋਂ

ਨਕਦ ਇਨਾਮਾਂ ਅਤੇ ਹੋਰ ਸਨਮਾਨਾਂ ਨਾਲ ਨਿਵਾਜਿਆ ਗਿਆ। ਇਨਾਮ ਪ੍ਰਾਪਤ ਕਰਨ ਵਾਲੇ ਪਹਿਲਵਾਨਾਂ ਅਤੇ ਉਨ੍ਹਾਂ ਦੇ ਸਮਰਥਕਾਂ ਵਿੱਚ ਖਾਸ ਖੁਸ਼ੀ ਦੇਖਣ ਨੂੰ ਮਿਲੀ। ਮਹਾ ਛਿੰਝ ਮੇਲੇ ਵਿੱਚ ਭਾਜਪਾ ਦੇ ਸੀਨੀਅਰ ਆਗੂ ਵਿਜੇ ਭਾਟੀਆ ਸੰਡਰੇਵਾਲ ਸਮੇਤ ਮਲਕੀਤ ਸਿੰਘ ਯੂ.ਐਸ.ਏ., ਕੇਵਲ ਕ੍ਰਿਸ਼ਨ, ਨੰਦ ਲਾਲ, ਵਿੱਕੀ ਮਾਰਕੀਟ ਕਮੇਟੀ, ਪਵਨ ਚੌਧਰੀ, ਜੈ ਰਾਮ, ਕੈਪਟਨ ਹਰਦਿਆਲ, ਰੋਸ਼ਨ ਲਾਲ, ਤਿਲਕ ਰਾਜ, ਹਰਮੇਸ਼, ਮਹਿੰਦਰ ਪਾਲ ਨਿਊਜ਼ੀਲੈਂਡ, ਧੰਜੂ, ਰਕੇਸ਼ ਕੁਮਾਰ, ਸਰਵਿੰਦਰ ਭਾਟੀਆ, ਸੰਜੀਵ ਕੁਮਾਰ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਐਡਵੋਕੇਟ ਸੰਜੀਵ ਚੌਧਰੀ ਚੰਚੀ, ਸੋਹਨ ਲਾਲ ਬਜਾੜ, ਦੇਵਰਾਜ ਆਸਟ੍ਰੇਲੀਆ, ਮਾਸਟਰ ਮਹਿੰਦਰ ਪਾਲ ਭਾਟੀਆ, ਰਮਨ ਲਾਲ, ਸਰਪੰਚ ਲਾਲ ਚੰਦ ਭਾਟੀਆ, ਵਰੁਣ ਭਾਟੀਆ, ਸੁਭਾਸ਼ ਬਜਾੜ, ਜਸਵੀਰ ਬਾਜ਼ਾਰ, ਅਸ਼ੋਕ ਭਾਟੀਆ, ਸੋਨੂ, ਮੋਨੂ, ਵਿੱਕੀ, ਜੱਸੀ ਸੇਠੀ, ਭਾਟੀਆ ਸਮੇਤ ਇਲਾਕੇ ਦੇ ਹੋਰ ਪਤਵੰਤੇ ਸੱਜਣਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੇਲੇ ਵਿੱਚ ਪਹੁੰਚੇ ਲੋਕਾਂ ਨੇ ਜਿੱਥੇ ਗੁੱਗਾ ਜੀ ਦੇ ਦਰਬਾਰ ਵਿਖੇ ਸ਼ਰਧਾ ਨਾਲ ਮੱਥਾ ਟੇਕਿਆ।

ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਿਜਦਾ; ਮਿਸਲ ਸਤਲੁਜ ਵੱਲੋਂ ਹਰੀਕੇ ਪੱਤਣ ਵਿਖੇ ਅਰਦਾਸ

ਮੋਹਾਲੀ • ਸੁਖਦੇਵ ਸਿੰਘ ਪਟਵਾਰੀ

ਮਿਸਲ ਸਤਲੁਜ ਪਾਰਟੀ ਦੇ ਜਨਰਲ ਸਕੱਤਰ ਸਰਦਾਰ ਦਵਿੰਦਰ ਸਿੰਘ ਸੇਖੋਂ ਦੀ ਅਗਵਾਈ ਵਿੱਚ ਫਿਰੋਜ਼ਪੁਰ ਤੋਂ ਪਹੁੰਚੇ ਜਥੇ ਵੱਲੋਂ ਮਨੁੱਖੀ ਅਧਿਕਾਰਾਂ ਦੇ ਨਿਡਰ ਪਹਿਰੇਦਾਰ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਮਰਪਿਤ ਹਰੀਕੇ ਪੱਤਣ ਵਿਖੇ ਧਾਰਮਿਕ ਸ਼ਰਧਾ ਅਤੇ ਸਤਿਕਾਰ ਨਾਲ ਚੌਪਈ ਸਾਹਿਬ ਦੇ ਪਾਠ ਉਪਰੰਤ ਮਾਨ ਸਿੰਘ ਕਿਲੀ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਮਿਸਲ ਸਤਲੁਜ ਦੇ ਜਨਰਲ ਸਕੱਤਰ ਸਰਦਾਰ ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਅਧਿਕਾਰਾਂ, ਇਨਸਾਫ਼ ਅਤੇ ਸੱਚ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਉਨ੍ਹਾਂ ਦੀ ਸ਼ਹਾਦਤ ਪੰਜਾਬ ਦੇ ਇਤਿਹਾਸ ਵਿੱਚ ਮਨੁੱਖਤਾ ਅਤੇ ਇਨਸਾਫ਼ ਲਈ ਕੀਤੇ ਸੰਘਰਸ਼ ਦੀ ਇੱਕ ਅਮਿੱਟ ਨਿਸ਼ਾਨੀ ਹੈ। ਭਾਈ ਖਾਲੜਾ ਵੱਲੋਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿਖਾਈ ਗਈ ਦਲੇਰੀ ਅਤੇ ਦ੍ਰਿੜਤਾ ਆਉਣ ਵਾਲੀਆਂ ਪੀੜ੍ਹੀਆਂ

ਲਈ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ। ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਸਿਰਫ਼ ਉਨ੍ਹਾਂ ਨੂੰ ਯਾਦ ਕਰਨ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਉਨ੍ਹਾਂ ਵੱਲੋਂ ਦਰਸਾਏ ਸੱਚ, ਇਨਸਾਫ਼, ਮਨੁੱਖੀ ਅਧਿਕਾਰਾਂ ਅਤੇ ਨਿਰਭੈਤਾ ਦੇ ਰਾਹ 'ਤੇ ਚੱਲਣ ਦਾ ਸੰਕਲਪ ਵੀ ਲੈਣਾ ਚਾਹੀਦਾ ਹੈ। ਮਿਸਲ ਸਤਲੁਜ ਪਾਰਟੀ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਦਾ ਸਤਿਕਾਰ ਨਾਲ ਯਾਦ ਕਰਦੀ ਰਹੇਗੀ। ਇਸ ਮੌਕੇ ਮਿਸਲ ਸਤਲੁਜ ਪਾਰਟੀ ਦੇ ਵਰਕਰਾਂ ਅਤੇ ਸਮਰਥਕਾਂ ਨੇ ਵੀ ਸ਼ਮੂਲੀਅਤ ਕਰਕੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਭੇਂਟ ਕੀਤੀ। ਪਾਰਟੀ ਆਗੂ ਮਾਨ ਸਿੰਘ ਕਿਲੀ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਦਿਆਂ ਅਰਦਾਸ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਮਹਾਨ ਸ਼ਹਾਦਤ ਨੂੰ ਨਮਨ ਕਰਦਿਆਂ ਉਨ੍ਹਾਂ ਦੇ ਸੰਘਰਸ਼ ਅਤੇ ਕੁਰਬਾਨੀ ਨੂੰ ਸਦਾ ਯਾਦ ਰੱਖਣ ਦਾ ਸੰਕਲਪ ਲਿਆ ਗਿਆ। ਇਸ ਮੌਕੇ ਤੇ ਐਡਵੋਕੇਟ ਕੁਲਵਿੰਦਰ ਕੌਰ, ਸੰਦੀਪ ਕੌਰ ਸੰਧੂ ਸਕੱਤਰ ਇਸਤਰੀ ਵਿੰਗ , ਕਰਮਪਾਲ ਸਿੰਘ , ਅੰਮ੍ਰਿਤਪਾਲ ਸਿੰਘ ਜੀਰਾ , ਮਨਦੀਪ ਸਿੰਘ , ਹਰਜਿੰਦਰ ਸਿੰਘ ਸਹੋਤਾ , ਜਸਨੂਰ ਸਿੰਘ , ਤਵਿੰਦਰ ਸਿੰਘ ਆਦਿ ਹਾਜ਼ਰ ਰਹੇ।

ਚੋਣਾਂ ਨੂੰ ਲੈ ਕੇ ਸਮਾਜਸੇਵੀ ਅਤੇ ਸਾਬਕਾ ਪੁਲਿਸ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਨੇ ਸਰਗਰਮੀਆਂ ਕੀਤੀਆਂ ਤੇਜ਼

ਜਗਰਾਉਂ • ਜਗਦੀਪ ਸਿੰਘ

ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਜਗਰਾਉਂ ਹਲਕੇ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੁੰਦੀਆਂ ਨਜ਼ਰ ਆ ਰਹੀਆਂ ਹਨ। ਇਸੇ ਦੌਰਾਨ ਸਮਾਜਸੇਵੀ ਅਤੇ ਸਾਬਕਾ ਪੁਲਿਸ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਨੇ ਸਾਡੇ ਅਦਾਰੇ ਦੇ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਜਗਰਾਉਂ ਦੀ ਨੁਹਾਰ ਬਦਲਣ ਲਈ ਉਹ ਪੂਰੀ ਤਰ੍ਹਾਂ ਵਚਨਬੱਧ ਹਨ। ਪ੍ਰੇਮ ਸਿੰਘ ਭੰਗੂ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਇਲਾਕੇ ਦੇ ਲੋਕਾਂ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਲਗਾਤਾਰ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਦੇ ਮੈਦਾਨ ਵਿੱਚ ਉਤਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਲੋਕਾਂ ਵੱਲੋਂ ਮਿਲ ਰਹੇ ਪਿਆਰ, ਸਤਿਕਾਰ ਅਤੇ ਸਮਰਥਨ ਨੂੰ ਉਹ ਗੰਭੀਰਤਾ ਨਾਲ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਟਿਕਟ 'ਤੇ ਜਾਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਸਬੰਧੀ ਫੈਸਲਾ ਆਪਣੇ ਸਮਰਥਕਾਂ ਅਤੇ ਹਲਕੇ ਦੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਹੀ ਲੈਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਪਹਿਲਾਂ ਜਗਰਾਉਂ ਹਲਕੇ ਦੇ ਲੋਕਾਂ ਦੇ ਹਿੱਤ ਹਨ ਅਤੇ ਲੋਕਾਂ ਦੀ ਰਾਏ ਨੂੰ ਪਹਿਲ ਦਿੱਤੀ ਜਾਵੇਗੀ। ਪ੍ਰੇਮ ਸਿੰਘ ਭੰਗੂ ਨੇ ਕਿਹਾ ਕਿ ਜੇਕਰ ਲੋਕ ਉਨ੍ਹਾਂ ਨੂੰ ਮੌਕਾ ਦਿੰਦੇ ਹਨ ਤਾਂ ਉਹ ਜਗਰਾਉਂ ਹਲਕੇ ਦੇ ਵਿਕਾਸ, ਬੁਨਿਆਦੀ ਸਹੂਲਤਾਂ ਵਿੱਚ ਸੁਧਾਰ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਕਸਦ ਸਿਰਫ਼ ਚੋਣ ਲੜਨਾ ਨਹੀਂ, ਸਗੋਂ ਜਗਰਾਉਂ ਦੀ ਤਸਵੀਰ ਬਦਲਣ ਲਈ ਲੋਕਾਂ ਦੇ ਨਾਲ ਮਿਲ ਕੇ ਕੰਮ ਕਰਨਾ ਹੈ। ਜਗਰਾਉਂ ਦੀ ਬਦਲਾਂਗੇ ਨੁਹਾਰ, ਇਹ ਮੇਰਾ ਵਾਅਦਾ ਹੈ। ਲੋਕਾਂ ਦਾ ਸਾਥ ਅਤੇ ਵਿਸ਼ਵਾਸ ਮੇਰੇ ਲਈ ਸਭ ਤੋਂ ਵੱਡੀ ਤਾਕਤ ਹੈ।

ਬਾਰ ਐਸੋਸੀਏਸ਼ਨ ਸਮਾਣਾ ਦੀਆਂ ਚੋਣਾਂ ਲਈ ਪ੍ਰਧਾਨ, ਸਕੱਤਰ ਤੇ ਖਜ਼ਾਨਚੀ ਲਈ ਮੁਕਾਬਲਾ-ਬਾਕੀ ਅਹੁਦੇਦਾਰ ਨਿਰਵਿਰੋਧ ਚੁਣੇ ਗਏ

ਸਮਾਣਾ • ਸਾਹਿਬ ਸਿੰਘ

ਬਾਰ ਐਸੋਸੀਏਸ਼ਨ ਸਮਾਣਾ ਦੀਆਂ ਸਾਲ 2026-27 ਲਈ ਹੋਣ ਵਾਲੀਆਂ ਚੋਣਾਂ ਸਬੰਧੀ ਨਾਮਜ਼ਦਗੀ ਪੱਤਰ ਦਾਖਿਲ ਕਰਨ ਉਪਰੰਤ ਕੀਤੀ ਜਾਂਚ ਤੋਂ ਬਾਅਦ ਪ੍ਰਧਾਨ, ਸਕੱਤਰ ਤੇ ਖਜ਼ਾਨਚੀ ਲਈ ਮੁਕਾਬਲਾ ਰਹਿ ਗਿਆ ਹੈ ਜਦੋਂ ਕਿ ਉਪ-ਪ੍ਰਧਾਨ (ਪੁਰਸ਼) ਤੇ ਉਪ-ਪ੍ਰਧਾਨ (ਔਰਤ), ਸੰਯੁਕਤ ਸਕੱਤਰ, ਲਾਇਬ੍ਰੇਰੀਅਨ ਸਣੇ ਪੰਜ ਕਾਰਜਕਾਰਨੀ ਦੇ ਮੈਂਬਰ ਨਿਰਵਿਰੋਧ ਚੁਣੇ ਗਏ ਹਨ। ਚੋਣ ਕਮੇਟੀ ਦੇ ਮੈਂਬਰ ਕਸ਼ਮੀਰ ਸਿੰਘ ਵਿਰਕ, ਕੁਲਵਿੰਦਰ ਸਿੰਘ ਗਲੌਲੀ, ਜਸਪਾਲ ਸਿੰਘ ਸੰਧੂ, ਕੁਲਵੰਤ ਸਿੰਘ ਢਿੱਲੋਂ ਤੇ ਬਲਬੀਰ ਸਿੰਘ ਧਨੋਆ ਵਲੋਂ ਜਾਰੀ ਸੂਚੀ ਅਨੁਸਾਰ ਪ੍ਰਧਾਨ ਦੇ ਅਹੁਦੇ ਲਈ ਐਡਵੋਕੇਟ ਕਰਮਜੀਤ ਸਿੰਘ ਰੰਧਾਵਾ ਅਤੇ ਐਡਵੋਕੇਟ ਗੁਰਵਿੰਦਰ ਸਿੰਘ ਗੋਲਨ ਚੋਣ ਮੈਦਾਨ ਵਿਚ

ਹਨ। ਸਕੱਤਰ ਦੇ ਅਹੁਦੇ ਲਈ ਐਡਵੋਕੇਟ ਹਰਮਨਦੀਪ ਸਿੰਘ ਸਿੱਧੂ ਅਤੇ ਐਡਵੋਕੇਟ ਅਸ਼ੀਨ ਖਾਨ ਵਿਚਕਾਰ ਮੁਕਾਬਲਾ ਹੋਵੇਗਾ। ਖਜ਼ਾਨਚੀ ਦੇ ਅਹੁਦੇ ਲਈ ਦਵਿੰਦਰ ਹਸੀਜਾ ਅਤੇ ਕੁਲਦੀਪ ਸਿੰਘ ਵਿਚਕਾਰ ਮੁਕਾਬਲਾ ਹੋਵੇਗਾ। ਬਾਰ ਦੇ ਉਪ-ਪ੍ਰਧਾਨ (ਔਰਤ) ਲਈ ਨਿਰਲੇਪ ਕੌਰ ਅਤੇ ਉਪ ਪ੍ਰਧਾਨ ਜਨਰਲ ਦੇ ਅਹੁਦੇ ਲਈ ਰਾਜ ਕੁਮਾਰ ਮੁਦਾਹੀ ਚੁਣੇ ਗਏ ਹਨ। ਸੰਯੁਕਤ ਸਕੱਤਰ ਦੇ ਅਹੁਦੇ ਲਈ ਅਨੂਰੂਪ ਚੰਦਰ ਗਰਗ ਤੇ ਲਾਇਬ੍ਰੇਰੀਅਨ ਦੇ ਅਹੁਦੇ ਲਈ ਗੁਰਜੀਤ ਕੌਰ ਨਿਰਵਿਰੋਧ ਚੁਣੇ ਗਏ ਹਨ। ਕਾਰਜਕਾਰਨੀ ਮੈਂਬਰਾਂ ਲਈ ਸਿਮਰਨਜੀਤ ਸਿੰਘ, ਰਜਨੀ ਬਾਲਾ, ਰਣਦੀਪ ਥਿੰਦ, ਮਨਦੀਪ ਕੌਰ ਅਤੇ ਸਿਧਾਰਥ ਗੋਇਲ ਚੁਣੇ ਗਏ ਹਨ। ਨਿਰਵਿਰੋਧ ਚੁਣੇ ਗਏ ਅਹੁਦੇਦਾਰਾਂ ਦੇ ਚੁਣੇ ਜਾਣ ਦਾ ਰਸਮੀ ਐਲਾਨ 11 ਸਤੰਬਰ ਸ਼ਾਮ ਨੂੰ ਹੋਵੇਗਾ। ਨਿਰਵਿਰੋਧ ਚੁਣੇ ਗਏ ਅਹੁਦੇਦਾਰਾਂ ਨੂੰ ਬਾਰ ਮੈਂਬਰਾਂ ਨੇ ਵਧਾਈਆਂ ਦਿੱਤੀਆਂ ਹਨ।

ਸਮਾਣਾ 'ਚ ਚੋਰਾਂ ਦੇ ਹੌਸਲੇ ਬੁਲੰਦ-ਛੱਤ 'ਚ ਪਾੜ ਪਾ ਕੇ ਕਰਿਆਨੇ ਦੀ ਦੁਕਾਨ 'ਚ ਚੋਰੀ

ਸਮਾਣਾ • ਸਾਹਿਬ ਸਿੰਘ

ਸਮਾਣਾ ਸ਼ਹਿਰ ਵਿਚ ਚੋਰਾਂ ਦੇ ਹੌਸਲੇ ਬੁਲੰਦ ਹਨ। ਸ਼ਹਿਰ ਦੀ ਮਲਕਾਣਾ ਪੱਤੀ ਇਲਾਕੇ 'ਚ ਚੋਰਾਂ ਨੇ ਇਕ ਕਰਿਆਨੇ ਦੀ ਦੁਕਾਨ ਨੂੰ ਨਿਸ਼ਾਨਾ ਬਣਾਉਂਦਿਆਂ ਛੱਤ ਤੋੜ ਕੇ ਦੁਕਾਨ ਵਿਚ ਚੋਰੀ ਕੀਤੀ ਹੈ। ਅਣਪਛਾਤੇ ਚੋਰ ਦੁਕਾਨ ਦੀ ਛੱਤ ਪਾੜ ਕੇ ਅੰਦਰ ਦਾਖਲ ਹੋਏ ਤੇ ਗੱਲੇ 'ਚ ਪਈ ਹਜ਼ਾਰਾਂ ਰੁਪਏ ਦੀ ਨਕਦੀ ਚੋਰੀ ਕਰਕੇ ਫਰਾਰ ਹੋ ਗਏ। ਮਲਕਾਣਾ ਪੱਤੀ ਵਾਸੀ ਹਰੀਸ਼ ਕੁਮਾਰ ਪਿਛਲੇ ਕਰੀਬ 25-30 ਸਾਲਾਂ ਤੋਂ ਕਰਿਆਨੇ ਦੀ ਦੁਕਾਨ ਚਲਾ ਰਿਹਾ ਹੈ। ਉਹ ਰੋਜ਼ਾਨਾ ਦੀ ਤਰ੍ਹਾਂ ਐਤਵਾਰ ਰਾਤ ਨੂੰ ਦੁਕਾਨ ਬੰਦ ਕਰਕੇ ਘਰ ਚਲਾ ਗਿਆ ਸੀ। ਸੋਮਵਾਰ ਸਵੇਰੇ ਦੁਕਾਨ ਦੀ ਛੱਤ ਟੁਟੀ ਹੋਣ ਦੀ ਸੂਚਨਾ ਮਿਲੀ। ਮੌਕੇ 'ਤੇ ਪਹੁੰਚਣ 'ਤੇ ਵੇਖਿਆ ਕਿ ਚੋਰ ਛੱਤ 'ਚ ਪਾੜ ਪਾਕੇ ਦੁਕਾਨ ਅੰਦਰ ਦਾਖਲ ਹੋਏ ਸਨ। ਦੁਕਾਨਦਾਰ ਹਰੀਸ਼ ਕੁਮਾਰ ਨੇ ਦੱਸਿਆ ਕਿ ਗੱਲੇ 'ਚ ਰੱਖੀ ਕਰੀਬ 10 -15 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਕੇ ਲੈ ਗਏ। ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਸ਼ਹਿਰੀ ਸਮਾਣਾ ਦੀ ਪੁਲਿਸ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਚੋਰਾਂ ਦਾ ਸੁਰਾਗ ਲਗਾਉਣ ਲਈ ਨੇੜਲੇ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਸਰਕਾਰੀ ਸਕੂਲ ਦੰਦਰਾਲਾ ਢੀਂਡਸਾ ਵਿਖੇ ਅਧਿਆਪਕ ਦਿਵਸ ਮਨਾਇਆ

ਭਾਦਸੋਂ • ਮਨਜੋਤ ਪੰਧੇਰ ਚਹਿਲ

5 ਸਤੰਬਰ ਦਾ ਦਿਨ ਹਰ ਸਾਲ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।ਇਸ ਦਿਨ ਅਧਿਆਪਕਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਲਈ ਉਹਨਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜਿ)ਦੰਦਰਾਲਾ ਢੀਂਡਸਾ ਵੱਲੋਂ ਸਕੂਲ ਦੇ ਸਮੂਹ ਅਧਿਆਪਕ ਸਾਹਿਬਾਨਾਂ ਨੂੰ ਉਹਨਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਗਏ ਵਿਸ਼ੇਸ਼ ਯੋਗਦਾਨ ਅਤੇ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ। ਸੋਸਾਇਟੀ ਵੱਲੋਂ ਚਿਤਰੰਜਨ ਕੌਰ ਲੈਕ:ਬਾਇਓ,

ਗੁਰਮੀਤ ਸਿੰਘ ਰਿਟਾ: ਲੈਕ: ਹਿਸਟਰੀ ਅਤੇ ਸਵ: ਰਿਟਾ:ਹੈੱਡ ਮਿਸਟ੍ਰੈਸ ਮੁਖਤਿਆਰ ਕੌਰ ਦੇ ਸਪੁੱਤਰ ਸੁਖਵਿੰਦਰ ਸਿੰਘ ਸਰਪੰਚ ਬਿਸ਼ਨਗੜ੍ਹ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਕਮੇਟੀ ਵੱਲੋਂ ਸਹਿਯੋਗੀ ਮੈਂਬਰਾਂ ਜਿਨ੍ਹਾਂ ਵਿੱਚ ਨਾਨਕਵੀਰ ਸਿੰਘ, ਗੁਰਬਖਸ਼ ਸਿੰਘ (ਪ੍ਰਧਾਨ),ਪਰਮਵੀਰ ਸਿੰਘ ਪੰਮਾ ਅਤੇ ਰਣਜੀਤ ਸਿੰਘ ਸਰਪੰਚ ਸਿਵਗੜ੍ਹ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੇਰਾ ਸਕੂਲ ਵੈਲਫੇਅਰ ਸੁਸਾਇਟੀ (ਰਜਿ:)ਦੇ ਪ੍ਰਧਾਨ ਮੇਜਰ ਸਿੰਘ ਜੀ ਨਾਭਾ, ਜਗਦੇਵ ਸਿੰਘ ਜਨਰਲ ਸਕੱਤਰ, ਰਣਜੀਤ ਸਿੰਘ ਪ੍ਰੈਸ ਸਕੱਤਰ ਅਤੇ ਹਰਬੰਸ ਸਿੰਘ ਖਜ਼ਾਨਚੀ ਅਤੇ ਸਾਰੇ ਕਮੇਟੀ ਮੈਂਬਰ ਸਾਹਿਬਾਨ ਹਾਜ਼ਰ ਸਨ। ਸਕੂਲ ਦੇ ਇੰਚਾਰਜ ਸ੍ਰੀਮਤੀ ਦਲਜੀਤ ਕੌਰ ਲੈਕ:ਕੈਮਿਸਟਰੀ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਭਵਿੱਖ ਵਿੱਚ ਹੋਰ ਜਿਆਦਾ ਮਿਹਨਤ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ਼ ਵੀ ਹਾਜ਼ਰ ਸੀ।

Behari Lal Engineering Ltd. ...100 years of excellence

ਬਿਹਾਰੀ ਲਾਲ ਇੰਜਨੀਅਰਿੰਗ ਲਿਮਟਿਡ
(ਪਹਿਲਾਂ ਬਿਹਾਰੀ ਲਾਲ ਇਸਪਾਤ ਪ੍ਰਾਈਵੇਟ ਲਿਮਟਿਡ ਵਜੋਂ ਜਾਣਿਆ ਜਾਂਦਾ ਸੀ)
ਰਜਿਸਟਰਡ ਦਫ਼ਤਰ ਦਾ ਪਤਾ: ਪਿੰਡ ਸਲਾਣੀ, ਅਮਲੋਹ ਰੋਡ, ਮੰਡੀ ਗੋਬਿੰਦਗੜ੍ਹ, ਪੰਜਾਬ-147301। ਫ਼ੋਨ: 01765-520694
ਕਾਰਪੋਰੇਟ ਪਛਾਣ ਨੰਬਰ: ਯੂ27109ਪੀਬੀ1995ਪੀਐਲਸੀ016490

30 ਜੂਨ, 2026 ਨੂੰ ਖਤਮ ਹੋਈ ਤਿਮਾਹੀ ਲਈ ਅਣਆਡਿਟਡ ਸਟੈਂਡਅਲੋਨ ਵਿੱਤੀ ਨਤੀਜਿਆਂ ਦਾ ਸਾਰ

(₹ in Millions)

ਵੇਰਵੇ	ਸਟੈਂਡਅਲੋਨ			
	ਖਤਮ ਹੋਈ ਤਿਮਾਹੀ			ਸਾਲ ਸਮਾਪਤੀ
	June 30, 2026	March 31, 2026	June 30, 2025	March 31, 2026
	ਅਣਆਡਿਟਡ	ਆਡਿਟਡ	ਅਣਆਡਿਟਡ	ਆਡਿਟਡ
ਕੁੱਲ ਆਮਦਨ	1,538.48	1,384.16	1,297.40	5,465.19
ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ,ਅਸਧਾਰਨ ਅਤੇ/ਜਾਂ ਅਸਧਾਰਨ ਵਸਤੂਆਂ)	257.54	264.71	209.44	865.84
ਟੈਕਸ ਤੋਂ ਪਹਿਲਾਂ ਦੀ ਮਿਆਦ ਲਈ ਸ਼ੁੱਧ ਲਾਭ /.(ਹਾਨੀ) (ਅਸਧਾਰਨ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ)	257.54	264.71	209.44	865.84
ਟੈਕਸ ਤੋਂ ਬਾਅਦ ਦੀ ਮਿਆਦ ਲਈ ਸ਼ੁੱਧ ਲਾਭ /.(ਹਾਨੀ) (ਅਸਧਾਰਨ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ)	191.94	213.86	154.22	646.36
ਇਸ ਮਿਆਦ ਲਈ ਕੁੱਲ ਵਿਆਪਕ ਆਮਦਨ (ਇਸ ਮਿਆਦ ਲਈ ਲਾਭ/(ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) ਸ਼ਾਮਲ ਹੈ)	191.44	212.92	153.92	644.83
ਇਕੁਇਟੀ ਸ਼ੇਅਰ ਪੂੰਜੀ (ਫੇਸ ਵੈਲਿਊ ਰੁਪਏ 10/-)	390.39	390.39	390.39	390.39
ਪਿਛਲੇ ਸਾਲ ਦੀ ਆਡਿਟ ਕੀਤੀ ਬੈਲੇਂਸ ਸ਼ੀਟ ਵਿੱਚ ਦਰਸਾਏ ਅਨੁਸਾਰ ਰਿਜ਼ਰਵ (ਪੁਨਰਮੁਲਾਂਕਣ ਰਿਜ਼ਰਵ ਨੂੰ ਛੱਡ ਕੇ)	-	-	-	2,670.60
ਪ੍ਰਤੀ ਸ਼ੇਅਰ ਕਮਾਈ (ਫੇਸ ਵੈਲਿਊ ਪ੍ਰਤੀ ਸ਼ੇਅਰ 10/-) ਰੁਪਏ ਵਿੱਚ ਮੂਲ ਅਤੇ ਡੀਲਿਊਟਿਡ	4.92	5.48	3.95	16.56

ਨੋਟ: 1. ਭਾਰਤੀ ਪ੍ਰਤੀਭੂਤੀਆਂ ਅਤੇ ਐਕਸਚੇਂਜ ਬੋਰਡ (ਸੂਚੀਬੱਧ ਜ਼ਿੰਮੇਵਾਰੀਆਂ ਅਤੇ ਖੁਲਾਸਾ ਲੋੜਾਂ) ਨਿਯਮ 2015 ਦੇ ਨਿਯਮ 33 ਅਤੇ 47 ਦੇ ਅਨੁਸਾਰ ਅਤੇ ਆਡਿਟ ਕਮੇਟੀ ਦੀ ਸਿਫ਼ਾਰਸ਼ ਦੇ ਆਧਾਰ 'ਤੇ, ਬਿਹਾਰੀ ਲਾਲ ਇੰਜੀਨੀਅਰਿੰਗ ਲਿਮਟਿਡ (ਕੰਪਨੀ) ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਸੋਮਵਾਰ, 17 ਅਗਸਤ, 2026 ਨੂੰ ਹੋਈ ਆਪਣੀ ਮੀਟਿੰਗ ਵਿੱਚ, ਹੋਰ ਗੱਲਾਂ ਦੇ ਨਾਲ-ਨਾਲ 30 ਜੂਨ, 2026 ਨੂੰ ਖਤਮ ਹੋਈ ਤਿਮਾਹੀ ਲਈ ਗੈਰ-ਆਡਿਟ ਕੀਤੇ ਸਟੈਂਡਅਲੋਨ ਵਿੱਤੀ ਨਤੀਜਿਆਂ 'ਤੇ ਵਿਚਾਰ ਕੀਤਾ ਅਤੇ ਕੰਪਨੀ ਦੇ ਕਾਨੂੰਨੀ ਆਡੀਟਰਾਂ ਦੁਆਰਾ ਜਾਰੀ ਕੀਤੀ ਗਈ ਸੀਮਤ ਸਮੀਖਿਆ ਰਿਪੋਰਟ ਨੂੰ ਮਨਜ਼ੂਰੀ ਦਿੱਤੀ।
2. ਉਪਰੋਕਤ 30 ਜੂਨ, 2026 ਨੂੰ ਖਤਮ ਹੋਈ ਤਿਮਾਹੀ ਲਈ ਅਣ-ਆਡਿਟਿਡ ਸਟੈਂਡਅਲੋਨ ਵਿੱਤੀ ਨਤੀਜਿਆਂ ਦੇ ਵਿਸਤ੍ਰਿਤ ਫਾਰਮੈਟ ਦਾ ਇੱਕ ਅੰਸ਼ ਹੈ ਜੋ SEBI (LODR) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਦੇ ਤਹਿਤ ਸਟਾਕ ਐਕਸਚੇਂਜਾਂ ਕੋਲ ਦਾਇਰ ਕੀਤਾ ਗਿਆ ਹੈ। ਵਿੱਤੀ ਨਤੀਜਿਆਂ ਦਾ ਪੂਰਾ ਫਾਰਮੈਟ ਸਟਾਕ ਐਕਸਚੇਂਜਾਂ (www.bseindia.com, www.nseindia.com) ਅਤੇ ਕੰਪਨੀ (www.beharilalengineering.com) ਦੀਆਂ ਵੈੱਬਸਾਈਟਾਂ 'ਤੇ ਉਪਲਬਧ ਹੈ।

ਸਥਾਨ: ਮੰਡੀ ਗੋਬਿੰਦਗੜ੍ਹ, ਪੰਜਾਬ
ਮਿਤੀ: 07-09-2026

ਡਾਇਰੈਕਟਰ ਬੋਰਡ ਦੇ ਹੁਕਮ ਅਨੁਸਾਰ
ਬਿਹਾਰੀ ਲਾਲ ਇੰਜੀਨੀਅਰਿੰਗ ਲਿਮਟਿਡ ਲਈ
ਸਹੀ/-ਦਿਨੇਸ਼ ਗਰਗ, ਪ੍ਰਬੰਧ ਨਿਰਦੇਸ਼ਕ 00215117

ਦਫ਼ਤਰ ਰਿਕਵਰੀ ਅਫ਼ਸਰ

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਗਰਾਊਂਡ ਫਲੋਰ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ -160017

ਆਰਸੀ ਨੰ.: ਆਰਸੀ/112/2020 ਮਿਤੀ : 01.10.2026

ਵਿਕਰੀ ਦਾ ਐਲਾਨ : ਅਚੱਲ ਜਾਇਦਾਦ

ਆਮਦਨ ਟੈਕਸ ਐਕਟ, 1961 ਦੇ ਦੂਜੇ ਅਨੁਸੂਚੀ ਦੇ ਨਿਯਮ 37, 38 ਅਤੇ 52(1)(2) ਦੇ ਤਹਿਤ ਵਿਕਰੀ ਦਾ ਐਲਾਨ, ਕਰਜ਼ੇ ਦੀ ਵਸੂਲੀ ਅਤੇ ਦੀਵਾਲੀਆਪਨ ਐਕਟ, 1993 ਦੇ ਨਾਲ ਪੜ੍ਹਿਆ ਜਾਂਦਾ ਹੈ।

ਇੰਡੀਅਨ ਓਵਰਸੀਜ਼ ਬੈਂਕ ਬਨਾਮ ਹਰਪ੍ਰੀਤ ਸਿੰਘ ਅਤੇ ਹੋਰ

(ਸੀਡੀ) 1) ਸ. ਹਰਪ੍ਰੀਤ ਸਿੰਘ ਪੁੱਤਰ ਸ. ਬਲਬੀਰ ਸਿੰਘ, ਨਿਵਾਸੀ ਪਿੰਡ ਸੇਖਨ ਮਾਜਰਾ, ਤਹਿਸੀਲ ਅਤੇ ਜ਼ਿਲਾ ਐਸਏਐਸ ਨਗਰ, ਪੰਜਾਬ।
(ਸੀਡੀ) 2) ਗੁਰਜਿੰਦਰ ਸਿੰਘ ਪੁੱਤਰ ਸ. ਸੁਖਵਿੰਦਰ ਸਿੰਘ, ਨਿਵਾਸੀ ਪਿੰਡ ਸੇਖਨ ਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਐਸਏਐਸ ਨਗਰ, ਪੰਜਾਬ।

ਜਦੋਂ ਕਿ ਮਾਣਯੋਗ ਪ੍ਰੀਜ਼ਾਈਡਿੰਗ ਅਫਸਰ, ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਦੁਆਰਾ ਓਏ 1976/2018 ਵਿੱਚ ਰਿਕਵਰੀ ਸਰਟੀਫਿਕੇਟ ਨੰਬਰ ਆਰਸੀ/112/2020 ਜੋ 23,44,316/- ਰੁਪਏ (ਤੇਈ ਲੱਖ ਚੌਤਾਲੀ ਹਜ਼ਾਰ ਤਿੰਨ ਸੌ ਸੋਲਾਂ ਰੁਪਏ) ਦੀ ਰਕਮ ਦੀ ਵਸੂਲੀ ਲਈ ਤਿਆਰ ਕੀਤਾ ਗਿਆ ਹੈ, ਜਿਸ ਵਿੱਚ 10.08.2018 ਤੋਂ ਸਾਲਾਨਾ 13.25% ਸਧਾਰਨ ਵਿਆਜ ਦੇ ਨਾਲ-ਨਾਲ 26,000/- ਰੁਪਏ (ਛੱਬੀ ਹਜ਼ਾਰ ਰੁਪਏ ਸਿਰਫ਼) ਦੀ ਪ੍ਰਾਪਤੀ ਅਤੇ ਲਾਗਤ ਸੀਡੀ ਤੋਂ ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ, ਵਸੂਲ ਕੀਤੇ ਜਾਣੇ ਹਨ ਅਤੇ ਤੁਸੀਂ (ਸੀਡੀ), ਸਰਟੀਫਿਕੇਟ ਧਾਰਕ ਬੈਂਕ /ਵਿੱਤੀ ਸੰਸਥਾ ਦੇ ਬਕਾਏ ਵਾਪਸ ਕਰਨ ਵਿੱਚ ਅਸਫਲ ਰਹੇ ਹੋ।

ਅਤੇ ਜਦੋਂ ਕਿ, ਹੇਠ ਹਸਤਾਖਰ ਕਰਨ ਵਾਲੇ ਨੇ ਉਕਤ ਰਿਕਵਰੀ ਸਰਟੀਫਿਕੇਟ ਦੀ ਸੰਤੁਸ਼ਟੀ ਲਈ ਹੇਠਾਂ ਦਿੱਤੇ ਅਨੁਸੂਚੀ ਵਿੱਚ ਦੱਸੇ ਅਨੁਸਾਰ ਸਰਟੀਫਿਕੇਟ ਦੇਣਦਾਰ ਦੀਆਂ ਗਿਰਵੀ/ਨੱਥੀ ਜਾਇਦਾਦਾਂ ਨੂੰ ਵੇਚਣ ਦਾ ਆਦੇਸ਼ ਦਿੱਤਾ ਹੈ।

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਮੁਲਤਵੀ ਕਰਨ ਦੇ ਕਿਸੇ ਵੀ ਹੁਕਮ ਦੀ ਅਣਹੋਂਦ ਵਿੱਚ, ਉਕਤ ਜਾਇਦਾਦ(ਆਂ) 01.10.2026 ਨੂੰ ਦੁਪਹਿਰ 14:00 ਵਜੇ ਤੋਂ 15:00 ਵਜੇ ਦੇ ਵਿਚਕਾਰ ਲਾਟ ਨੰਬਰ 1 ਲਈ, ਨਿਲਾਮੀ ਦੁਆਰਾ ਵੇਚੀ ਜਾਵੇਗੀ ਅਤੇ ਬੋਲੀ ਵੈੱਬਸਾਈਟ: https://bankeauctions.com ਰਾਹੀਂ ਔਨਲਾਈਨ /ਅੱਲਾਈਨ ਕੀਤੀ ਜਾਵੇਗੀ।

ਨਿਲਾਮੀ ਸੇਵਾ ਪ੍ਰਦਾਤਾ ਲਈ ਅਧਿਕਾਰਤ ਸੰਪਰਕ ਵਿਅਕਤੀ ਦਾ ਵੇਰਵਾ ਹੈ, ਨਾਮ: ਮੈਸਰਜ਼ ਸੀ1 ਇੰਡੀਆ ਪ੍ਰਾਈਵੇਟ ਲਿਮਟਿਡ (ਸੰਪਰਕ ਵਿਅਕਤੀ - ਸ੍ਰੀ ਮਿਥਲੇਸ਼ ਕੁਮਾਰ, ਸੰਪਰਕ ਨੰਬਰ 7080804466, ਈ-ਮੇਲ: delhi@c1india.com), ਪਲਾਟ ਨੰਬਰ 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ - 122003 (ਹਰਿਆਣਾ), ਹੈਲਪਲਾਈਨ ਨੰਬਰ-7291981124, 25, 26, ਸਹਾਇਤਾ ਈ-ਮੇਲ: support@bankeauctions.com

ਨਿਲਾਮੀ ਸੇਵਾ ਪ੍ਰਦਾਤਾ ਲਈ ਅਧਿਕਾਰਤ ਬੈਂਕ ਅਧਿਕਾਰੀ ਦਾ ਵੇਰਵਾ ਸ੍ਰੀ ਸਾਹਿਲ ਸਿੱਧੂ, ਮੈਨੇਜਰ, ਬ੍ਰਾਂਚ ਏਆਰਐਮ ਚੰਡੀਗੜ੍ਹ, ਮੋਬਾਈਲ ਨੰਬਰ 9899078056, ਈ-ਮੇਲ: sahilsid-hu@iob.bank.in ਹੈ।

ਇਹ ਵਿਕਰੀ ਉੱਪਰ ਦੱਸੇ ਗਏ ਬਚਾਓ ਪੱਖਾਂ/ਸੀਡੀਜ਼ ਦੀਆਂ ਜਾਇਦਾਦਾਂ ਦੀ ਹੋਵੇਗੀ, ਜਿਵੇਂ ਕਿ ਹੇਠਾਂ ਦਿੱਤੇ ਅਨੁਸੂਚੀ ਵਿੱਚ ਦੱਸਿਆ ਗਿਆ ਹੈ ਅਤੇ ਉਕਤ ਜਾਇਦਾਦਾਂ ਨਾਲ ਜੁੜੀਆਂ ਦੇਣਦਾਰੀਆਂ ਅਤੇ ਦਾਅਵੇ, ਜਿੱਥੋਂ ਤੱਕ ਉਨ੍ਹਾਂ ਦਾ ਪਤਾ ਲਗਾਇਆ ਗਿਆ ਹੈ, ਉਹ ਹਨ ਜੋ ਹਰੇਕ ਲਾਟ ਦੇ ਵਿਰੁੱਧ ਅਨੁਸੂਚੀ ਵਿੱਚ ਦਰਸਾਏ ਗਏ ਹਨ।

ਜਾਇਦਾਦ ਨੂੰ ਸ਼ਡਿਊਲ ਵਿੱਚ ਦਰਸਾਏ ਗਏ ਲਾਟ ਵਿੱਚ ਵਿਕਰੀ ਲਈ ਰੱਖਿਆ ਜਾਵੇਗਾ। ਜੇਕਰ ਜਾਇਦਾਦ ਦੇ ਹਿੱਸੇ ਦੀ ਵਿਕਰੀ ਨਾਲ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਪੂਰੀ ਹੋ ਜਾਂਦੀ ਹੈ, ਤਾਂ ਬਾਕੀ ਬਚੇ ਹਿੱਸੇ ਦੇ ਸੰਬੰਧ ਵਿੱਚ ਵਿਕਰੀ ਤੁਰੰਤ ਬੰਦ ਕਰ ਦਿੱਤੀ ਜਾਵੇਗੀ। ਵਿਕਰੀ ਵੀ ਰੋਕ ਦਿੱਤੀ ਜਾਵੇਗੀ ਜੇਕਰ, ਕਿਸੇ ਵੀ ਲਾਟ ਨੂੰ ਢਾਹੇ ਜਾਣ ਤੋਂ ਪਹਿਲਾਂ ਉਕਤ ਸਰਟੀਫਿਕੇਟ ਵਿੱਚ ਦਰਸਾਏ ਬਕਾਏ + ਵਿਆਜ + ਲਾਗਤਾਂ (ਵਿਕਰੀ ਦੀ ਲਾਗਤ ਸਮੇਤ) ਵਿਕਰੀ ਕਰਨ ਵਾਲੇ ਅਧਿਕਾਰੀ ਨੂੰ ਸੌਂਪ ਦਿੱਤੀਆਂ ਜਾਂਦੀਆਂ ਹਨ ਜਾਂ ਉਸਦੀ ਸੰਤੁਸ਼ਟੀ ਲਈ ਸਬੂਤ ਦਿੱਤਾ ਜਾਂਦਾ ਹੈ ਕਿ ਅਜਿਹੇ ਸਰਟੀਫਿਕੇਟ, ਵਿਆਜ ਅਤੇ ਲਾਗਤਾਂ ਦੀ ਰਕਮ ਹੇਠਾਂ ਹਸਤਾਖਰ ਕਰਨ ਵਾਲੇ ਨੂੰ ਅਦਾ ਕਰ ਦਿੱਤੀ ਗਈ ਹੈ।

ਵਿਕਰੀ ਵੇਲੇ, ਜਨਤਾ ਨੂੰ ਆਮ ਤੌਰ 'ਤੇ ਨਿੱਜੀ ਤੌਰ 'ਤੇ ਜਾਂ ਅਧਿਕਾਰਤ ਏਜੰਟ ਦੁਆਰਾ ਬੋਲੀ ਲਗਾਉਣ ਲਈ ਸੱਦਾ ਦਿੱਤਾ ਜਾਂਦਾ ਹੈ। ਹਾਲਾਂਕਿ, ਕੋਈ ਵੀ ਅਧਿਕਾਰੀ ਜਾਂ ਹੋਰ ਵਿਅਕਤੀ, ਜਿਸ ਕੋਲ ਇਸ ਵਿਕਰੀ ਦੇ ਸੰਬੰਧ ਵਿੱਚ ਕੋਈ ਫਰਜ਼ ਹੈ, ਸਿੱਧੇ ਜਾਂ ਅਸਿੱਧੇ ਤੌਰ 'ਤੇ ਵੇਚੀਆਂ ਗਈਆਂ ਜਾਇਦਾਦਾਂ ਲਈ ਬੋਲੀ ਨਹੀਂ ਦੇਵੇਗਾ, ਪ੍ਰਾਪਤ ਨਹੀਂ ਕਰੇਗਾ ਜਾਂ ਕਿਸੇ ਵੀ ਹਿੱਤ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ।

ਇਹ ਵਿਕਰੀ ਆਮਦਨ ਕਰ ਐਕਟ, 1961 ਦੇ ਦੂਜੇ ਸ਼ਡਿਊਲ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਵਿੱਚ ਨਿਰਧਾਰਤ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:-

(1) ਅਨੁਸੂਚੀ ਵਿੱਚ ਦਰਸਾਏ ਗਏ ਵੇਰਵੇ ਹੇਠ ਹਸਤਾਖਰ ਕਰਨ ਵਾਲੇ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਹੇਠ ਹਸਤਾਖਰ ਕਰਨ ਵਾਲਾ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
(2) ਰਾਖਵੀਂ ਕੀਮਤ ਜਿਸ ਤੋਂ ਘੱਟ ਕੀਮਤ 'ਤੇ ਜਾਇਦਾਦ ਨਹੀਂ ਵੇਚੀ ਜਾਵੇਗੀ, ਉਹ ਅਨੁਸੂਚੀ ਵਿੱਚ ਦੱਸੇ ਅਨੁਸਾਰ ਹੈ।
(3) ਉਹ ਰਕਮ ਜਿਸ ਨਾਲ ਬੋਲੀ ਵਧਾਈ ਜਾਣੀ ਹੈ। ਜੇ ਬੋਲੀ ਦੀ ਰਕਮ ਜਾਂ ਬੋਲੀਕਾਰ ਦੇ ਸੰਬੰਧ ਵਿੱਚ ਕੋਈ ਵਿਵਾਦ ਪੈਦਾ ਹੋਣ ਦੀ ਸਥਿਤੀ ਵਿੱਚ, ਲਾਟ ਨੂੰ ਤੁਰੰਤ ਦੁਬਾਰਾ ਨਿਲਾਮੀ ਲਈ ਰੱਖਿਆ ਜਾਵੇਗਾ ਜਾਂ ਰੱਦ ਕੀਤਾ ਜਾ ਸਕਦਾ ਹੈ।
(4) ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਕਿਸੇ ਵੀ ਲਾਟ ਦਾ ਖਰੀਦਦਾਰ ਘੋਸ਼ਿਤ ਕੀਤਾ ਜਾਵੇਗਾ, ਬਸ਼ਰਤੇ ਕਿ ਉਹ ਕਾਨੂੰਨੀ ਤੌਰ 'ਤੇ ਬੋਲੀ ਲਗਾਉਣ ਦੇ ਯੋਗ ਹੋਵੇ ਅਤੇ ਅੱਗੇ ਇਹ ਵੀ ਦੱਸਿਆ ਜਾਵੇ ਕਿ ਉਸ ਦੁਆਰਾ ਬੋਲੀ ਲਗਾਈ ਗਈ ਰਕਮ ਰਿਜ਼ਰਵ ਕੀਮਤ ਤੋਂ ਘੱਟ ਨਾ ਹੋਵੇ। ਇਹ ਹੇਠਾਂ ਹਸਤਾਖਰ ਕਰਨ ਵਾਲੇ ਦੇ ਵਿਵੇਕ ਵਿੱਚ ਹੋਵੇਗਾ ਕਿ ਉਹ ਸਭ ਤੋਂ ਵੱਧ ਬੋਲੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰੇ ਜਦੋਂ ਪੇਸ਼ਕਸ਼ ਕੀਤੀ ਗਈ ਕੀਮਤ ਇੰਨੀ ਸਪੱਸ਼ਟ ਤੌਰ 'ਤੇ ਨਾਕਾਫ਼ੀ ਦਿਖਾਈ ਦੇਵੇ ਕਿ ਅਜਿਹਾ ਕਰਨਾ ਅਸੰਭਵ ਹੋ ਜਾਵੇ।
(5) ਹਰੇਕ ਇੱਛੁਕ ਬੋਲੀਕਾਰ ਨੂੰ ਰਿਕਵਰੀ ਅਫਸਰ, ਡੀਆਰਟੀ-3, ਚੰਡੀਗੜ੍ਹ ਦੇ ਹੱਕ ਵਿੱਚ ਡੀਡੀ/ਪੇ ਆਰਡਰ ਰਾਹੀਂ ਜਾਂ ਲਾਭਪਾਤਰੀ ਖਾਤਾ ਨੰਬਰ 25750113301010, ਸ਼ਾਖਾ ਦਾ ਨਾਮ: ਏਆਰਐਮ, ਚੰਡੀਗੜ੍ਹ, ਆਈਐਫਐਸਸੀ ਕੋਡ: ਆਈਓਬੀਏ0002575, ਬੈਂਕ ਦਾ ਨਾਮ: ਇੰਡੀਅਨ ਓਵਰਸੀਜ਼ ਬੈਂਕ ਵਿੱਚ ਔਨਲਾਈਨ ਟ੍ਰਾਂਸਫਰ ਰਾਹੀਂ ਅਰਨੈਸਟ ਮਨੀ ਡਿਪਾਜ਼ਿਟ (ਈਐਮਡੀ) ਦਾ ਭੁਗਤਾਨ ਕਰਨਾ ਹੋਵੇਗਾ ਜੋ ਆਰ.ਓ. / ਕੋਰਟ ਨਿਲਾਮੀਕਰਤਾ, ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) ਵਿੱਚ ਜਮ੍ਹਾਂ ਕੀਤਾ ਜਾਵੇਗਾ ਅਤੇ ਜਾਇਦਾਦ ਦੇ ਵੇਰਵੇ ਪੈਨ ਕਾਰਡ, ਪਤੇ ਦਾ ਸਬੂਤ ਅਤੇ ਪਛਾਣ ਦਾ ਸਬੂਤ, ਈ-ਮੇਲ ਆਈਡੀ, ਮੋਬਾਈਲ ਨੰਬਰ ਅਤੇ ਕੰਪਨੀ ਦੇ ਮਾਮਲੇ ਵਿੱਚ ਜਾਂ ਕਿਸੇ ਹੋਰ ਦਸਤਾਵੇਜ਼ ਦੇ ਨਾਲ ਅਤੇ ਅਜਿਹੀ ਇਕਾਈ ਦੀ ਰਸੀਦ /. ਕਾਊਂਟਰ ਫੋਇਲ ਕੰਪਨੀ ਦੇ ਪ੍ਰਤੀਨਿਧਤਾ /. ਵਕੀਲ ਦੀ ਪੁਸ਼ਟੀ ਕਰਦਾ ਹੈ ਇਸ ਤੋਂ ਬਾਅਦ ਜਮ੍ਹਾਂ ਕੀਤੀ ਗਈ ਈਐਮਡੀ ਨੂੰ ਨਿਲਾਮੀ ਵਿੱਚ ਹਿੱਸਾ ਲੈਣ ਦੇ ਯੋਗ ਨਹੀਂ ਮੰਨਿਆ ਜਾਵੇਗਾ।

ਰਕਮ ਬਿਆਨਾ ਜਮ੍ਹਾਂ (ਈਐਮਡੀ), ਰਿਜ਼ਰਵ ਕੀਮਤ ਅਤੇ ਬੋਲੀ ਵਿੱਚ ਵਾਧਾ, ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤਾ ਜਾਵੇਗਾ:-

ਲੜੀ ਨੰ.	ਜਾਇਦਾਦ ਦਾ ਵੇਰਵਾ	ਰਾਖਵੀਂ ਕੀਮਤ (ਰੁਪਏ ਲੱਖਾਂ 'ਚ)	ਈਐਮਡੀ ਰਾਸ਼ੀ (ਰੁਪਏ ਲੱਖਾਂ 'ਚ)	ਬੋਲੀ ਵਾਧਾ ਗੁਣਾਂਕ ਵਿੱਚ (ਰੁਪਏ ਲੱਖਾਂ 'ਚ)
1.	4ਕ-0ਮ ਮਾਪ ਵਾਲੀ ਖੇਤੀ ਵਾਲੀ ਜ਼ਮੀਨ ਜਿਸ ਵਿੱਚ ਕੇ.ਕੇ. ਨੰ: 267/286, ਖਸਰਾ ਨੰ: 57//11(8-0) 12(8-0) ਕੁੱਲ 16ਕ-0ਮ, 'ਚੋਂ 1/4 ਹਿੱਸੇ ਦੀ ਹੱਦ ਤੱਕ ਯਾਨੀ 4ਕ-0ਮ, ਪਿੰਡ ਸੇਖਨ ਮਾਜਰਾ, ਹੱਦਬਸਤ ਨੰਬਰ 275, ਤਹਿਸੀਲ ਮੋਹਾਲੀ, ਜ਼ਿਲ੍ਹਾ ਸਾਲ 2011-12 ਦੀ ਜਮ੍ਹਾਂਬੰਦੀ ਅਨੁਸਾਰ ਐਸ.ਏ.ਐਸ. ਨਗਰ, ਮੋਹਾਲੀ। ਮਲਕੀਅਤ ਹਰਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ ਦੀ।	Rs. 70,00,000/-	Rs. 7,00,000/-	Rs. 50,000/-

ਨਿਲਾਮੀਕਰਤਾ ਨੂੰ ਈਐਮਡੀ ਜਮ੍ਹਾਂ ਕਰਨ ਦੀ ਮਿਤੀ 30.09.2026 ਨੂੰ ਜਾਂ ਇਸ ਤੋਂ ਪਹਿਲਾਂ ਸ਼ਾਮ 4:00 ਵਜੇ ਤੱਕ।

ਨਿਰਧਾਰਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਈ ਈਐਮਡੀ ਰੱਦ ਕਰ ਦਿੱਤੀ ਜਾਵੇਗੀ ਅਤੇ ਈਐਮਡੀ ਪ੍ਰਤੀ ਅਦਾ ਕੀਤੀ ਗਈ ਰਕਮ ਉਨ੍ਹਾਂ ਨੂੰ ਈ-ਨਿਲਾਮੀ ਫਾਰਮ ਵਿੱਚ ਦਿੱਤੇ ਗਏ ਵਿਕਲਪ ਦੁਆਰਾ ਵਾਪਸ ਕਰ ਦਿੱਤੀ ਜਾਵੇਗੀ। ਬੋਲੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੇ ਚਾਹਵਾਨ ਸੰਭਾਵੀ ਬੋਲੀਕਾਰ ਕੋਲ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤਾ ਗਿਆ ਵੈਧ ਡਿਜੀਟਲ ਦਸਤਖਤ ਸਰਟੀਫਿਕੇਟ ਹੋਣਾ ਜ਼ਰੂਰੀ ਹੈ। ਬੋਲੀਕਾਰ ਦੀ ਇਹ ਇਕੱਲੀ ਜ਼ਿੰਮੇਵਾਰੀ ਹੈ ਕਿ ਉਹ ਉਕਤ ਡਿਜੀਟਲ ਦਸਤਖਤ ਸਰਟੀਫਿਕੇਟ, ਸਰਗਰਮ ਈ-ਮੇਲ ਆਈਡੀ ਅਤੇ ਇੰਟਰਨੈੱਟ ਕਨੈਕਸ਼ਨ ਵਾਲਾ ਕੰਪਿਊਟਰ ਟਰਮੀਨਲ/ਸਿਸਟਮ ਪ੍ਰਾਪਤ ਕਰੇ ਤਾਂ ਜੋ ਉਹ ਬੋਲੀ ਵਿੱਚ ਹਿੱਸਾ ਲੈ ਸਕੇ। ਔਨਲਾਈਨ ਬੋਲੀ ਦੇ ਦੌਰਾਨ ਡਿਜੀਟਲ ਦਸਤਖਤ ਸਰਟੀਫਿਕੇਟ ਅਤੇ ਕਨੈਕਟੀਵਿਟੀ ਦੇ ਸੰਬੰਧ ਵਿੱਚ ਕੋਈ ਵੀ ਮੁੱਦਾ ਬੋਲੀਕਾਰ ਦੀ ਇਕੱਲੀ ਜ਼ਿੰਮੇਵਾਰੀ ਹੋਵੇਗੀ ਅਤੇ ਇਸ ਸੰਬੰਧ ਵਿੱਚ ਕੋਈ ਵੀ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ।

ਜੇਕਰ ਬੋਲੀ ਨਿਲਾਮੀ ਦੇ ਦਿੱਤੇ ਗਏ ਸਮੇਂ ਦੇ ਆਖਰੀ 5 ਮਿੰਟਾਂ ਦੇ ਅੰਦਰ ਵਧਾਈ ਜਾਂਦੀ ਹੈ, ਤਾਂ ਨਿਲਾਮੀ ਦਾ ਸਮਾਂ 5 ਮਿੰਟ ਦਾ ਵਾਧੂ ਸਮਾਂ ਹੋਰ ਵਧਾ ਦਿੱਤਾ ਜਾਵੇਗਾ ਤਾਂ ਜੋ ਦੂਜੇ ਬੋਲੀਕਾਰ ਆਪਣੀਆਂ ਬੋਲੀਆਂ ਵਧਾ ਸਕਣ ਅਤੇ ਜੇਕਰ 5 ਮਿੰਟਾਂ ਦੇ ਵਧੇ ਹੋਏ ਸਮੇਂ ਦੇ ਅੰਦਰ ਕੋਈ ਹੋਰ ਵਾਧਾ ਨਹੀਂ ਕੀਤਾ ਜਾਂਦਾ/ਕੀਤਾ ਜਾਂਦਾ ਹੈ, ਤਾਂ ਨਿਲਾਮੀ ਪ੍ਰਕਿਰਿਆ ਖਤਮ ਹੋ ਜਾਂਦੀ ਹੈ।

ਚੱਲ/ਅਚੱਲ ਜਾਇਦਾਦ ਦੇ ਮਾਮਲੇ ਵਿੱਚ, ਹਰੇਕ ਲਾਟ ਦੀ ਕੀਮਤ ਵਿਕਰੀ ਦੇ ਸਮੇਂ ਜਾਂ ਵਿਕਰੀ ਸੰਚਾਲਨ ਵਾਲੇ ਅਧਿਕਾਰੀ ਦੇ ਨਿਰਦੇਸ਼ ਅਨੁਸਾਰ ਤੁਰੰਤ ਅਦਾ ਕੀਤੀ ਜਾਵੇਗੀ, ਅਤੇ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ, ਜਾਇਦਾਦ ਨੂੰ ਤੁਰੰਤ ਮੁੜ ਵਿਕਰੀ ਲਈ ਨਿਲਾਮੀ ਲਈ ਰੱਖਿਆ ਜਾਵੇਗਾ।

ਸਫਲ ਬੋਲੀਕਾਰ ਨੂੰ ਵਿਕਰੀ ਤੋਂ ਪ੍ਰਾਪਤ ਰਕਮ ਦਾ 25% ਈਐਮਡੀ ਦੇ ਸਮਾਯੋਜਨ ਤੋਂ ਬਾਅਦ ਅਗਲੇ ਦਿਨ ਤੱਕ ਉਪਰੋਕਤ ਵੇਰਵੇ ਅਨੁਸਾਰ ਉਕਤ ਖਾਤੇ/ਡਿਮਾਂਡ ਡਰਾਫਟ/ਬੈਂਕਰ ਚੈੱਕ/ਪੇਅ ਆਰਡਰ ਵਿੱਚ ਅਦਾ ਕਰਨਾ ਹੋਵੇਗਾ। ਜੇਕਰ ਅਗਲਾ ਦਿਨ ਛੁੱਟੀ ਜਾਂ ਐਤਵਾਰ ਹੈ, ਤਾਂ ਅਗਲੇ ਪਹਿਲੇ ਦਫ਼ਤਰ ਵਾਲੇ ਦਿਨ।

ਖਰੀਦਦਾਰ ਜਾਇਦਾਦ ਦੀ ਵਿਕਰੀ ਦੀ ਮਿਤੀ ਤੋਂ 15ਵੇਂ ਦਿਨ ਜਾਂ ਇਸ ਤੋਂ ਪਹਿਲਾਂ, ਉਸ ਦਿਨ ਨੂੰ ਛੱਡ ਕੇ, ਜਾਂ ਜੇਕਰ 15ਵਾਂ ਦਿਨ ਐਤਵਾਰ ਜਾਂ ਹੋਰ ਛੁੱਟੀ ਹੋਵੇ, ਤਾਂ 15ਵੇਂ ਦਿਨ ਤੋਂ ਬਾਅਦ ਪਹਿਲੇ ਦਫ਼ਤਰ ਵਾਲੇ ਦਿਨ ਉੱਪਰ ਦੱਸੇ ਅਨੁਸਾਰ ਨਿਰਧਾਰਤ ਢੰਗ ਨਾਲ ਬਾਕੀ 75% ਵਿਕਰੀ ਆਮਦਨੀ ਜਮ੍ਹਾ ਕਰਵਾਏਗਾ। ਉਪਰੋਕਤ ਤੋਂ ਇਲਾਵਾ, ਖਰੀਦਦਾਰ ਨਿਲਾਮੀ ਵਿੱਚ ਵਿਕਰੀ ਦੀ ਮਿਤੀ ਤੋਂ 15ਵੇਂ ਦਿਨ ਜਾਂ ਇਸ ਤੋਂ ਪਹਿਲਾਂ ਰਜਿਸਟਰਾਰ, ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਦੇ ਹੱਕ ਵਿੱਚ ਡੀਡੀ ਰਾਹੀਂ 2% ਦੇ ਹਿਸਾਬ ਨਾਲ ਰਿਕਵਰੀ ਅਫਸਰ, ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਕੋਲ ਪਾਊਂਡੇਜ ਫੀਸ ਵੀ ਜਮ੍ਹਾ ਕਰਵਾਏਗਾ।

ਨਿਰਧਾਰਤ ਸਮੇਂ ਦੇ ਅੰਦਰ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ, ਵਿਕਰੀ ਦੇ ਖਰਚਿਆਂ ਨੂੰ ਪੂਰਾ ਕਰਨ ਤੋਂ ਬਾਅਦ ਜਮ੍ਹਾਂ ਰਕਮ, ਜੇਕਰ ਹੇਠ ਹਸਤਾਖਰ ਕਰਨ ਵਾਲਾ ਢੁਕਵਾਂ ਸਮਝਦਾ ਹੈ, ਤਾਂ ਸਰਕਾਰ ਨੂੰ ਜ਼ਬਤ ਕਰ ਲਈ ਜਾਵੇਗੀ ਅਤੇ ਡਿਫਾਲਟ ਖਰੀਦਦਾਰ ਜਾਇਦਾਦ ਜਾਂ ਉਸ ਰਕਮ ਦੇ ਕਿਸੇ ਵੀ ਹਿੱਸੇ ਦੇ ਸਾਰੇ ਦਾਅਵੇ ਜ਼ਬਤ ਕਰ ਲਵੇਗਾ ਜਿਸ ਲਈ ਇਸਨੂੰ ਬਾਅਦ ਵਿੱਚ ਵੇਚਿਆ ਜਾ ਸਕਦਾ ਹੈ। ਵਿਕਰੀ ਦੀ ਨਵੀਂ ਘੋਸ਼ਣਾ ਜਾਰੀ ਹੋਣ ਤੋਂ ਬਾਅਦ, ਜਾਇਦਾਦ ਨੂੰ ਦੁਬਾਰਾ ਵੇਚਿਆ ਜਾਵੇਗਾ।

ਸਭ ਤੋਂ ਉੱਚੀ ਬੋਲੀ ਲਗਾਉਣ ਵਾਲੇ ਦਾ ਜਾਇਦਾਦ 'ਤੇ ਕੋਈ ਹੱਕ/ਮਾਲਕ ਨਹੀਂ ਹੋਵੇਗਾ ਜਦੋਂ ਤੱਕ ਰਿਕਵਰੀ ਅਫਸਰ, ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) ਦੁਆਰਾ ਵਿਕਰੀ ਦੀ ਪੁਸ਼ਟੀ ਨਹੀਂ ਹੋ ਜਾਂਦੀ।

ਅਸਫਲ ਬੋਲੀਕਾਰਾਂ ਦੁਆਰਾ ਜਮ੍ਹਾਂ ਕੀਤੀ ਗਈ ਈਐਮਡੀ ਦੀ ਰਕਮ ਔਨਲਾਈਨ ਮੋਡ ਰਾਹੀਂ ਵਾਪਸ ਕੀਤੀ ਜਾਵੇਗੀ ਜੇਕਰ ਈਐਮਡੀ ਔਨਲਾਈਨ ਰਾਹੀਂ ਜਮ੍ਹਾਂ ਕੀਤੀ ਜਾਂਦੀ ਹੈ। ਜੇਕਰ ਈਐਮਡੀ/ਡੀਡੀ/ਬੀਸੀ/ਪੇਅ ਆਰਡਰ ਦੇ ਰੂਪ ਵਿੱਚ ਜਮ੍ਹਾਂ ਕੀਤੀ ਜਾਂਦੀ ਹੈ, ਤਾਂ ਇਸਨੂੰ ਹੱਥੀਂ ਵਾਪਸ ਕੀਤਾ ਜਾਵੇਗਾ ਈ-ਆਕਸ਼ਨ ਈਐਮਡੀ ਫਾਰਮ ਦੇ ਨਾਲ ਭੇਜੀ ਗਈ ਫੋਟੋਕਾਪੀ ਦੀ ਅਸਲ ਆਈਡੀ ਪਰੂਫ ਲਿਆਉਣੀ ਪਵੇਗੀ। ਈਐਮਡੀ ਰਕਮ 'ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।

ਈ-ਨਿਲਾਮੀ ਈਐਮਡੀ ਫਾਰਮ ਵਿੱਚ ਦੱਸੇ ਗਏ ਨਾਵਾਂ ਤੋਂ ਇਲਾਵਾ ਕਿਸੇ ਹੋਰ ਵਿਅਕਤੀ (ਵਿਅਕਤੀਆਂ) ਦੇ ਨਾਵਾਂ ਦੇ ਵਿਕਰੀ ਸਰਟੀਫਿਕੇਟ ਵਿੱਚ ਸ਼ਾਮਲ/ਬਦਲਣ ਦੀ ਕੋਈ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ।

ਜੇਕਰ ਜਾਇਦਾਦ ਦੀਆਂ ਇੱਕ ਤੋਂ ਵੱਧ ਵਸਤੂਆਂ ਵਿਕਰੀ ਲਈ ਲਿਆਂਦੀਆਂ ਜਾਂਦੀਆਂ ਹਨ, ਤਾਂ ਅਜਿਹੀਆਂ ਜਾਇਦਾਦਾਂ ਦੀ ਵਿਕਰੀ ਸਹੂਲਤ ਅਨੁਸਾਰ ਹੋਵੇਗੀ ਅਤੇ ਵਿਕਰੀ ਨੋਟਿਸ ਵਿੱਚ ਦੱਸੇ ਅਨੁਸਾਰ ਲੜੀਵਾਰ ਜਾਣਾ ਲਾਜ਼ਮੀ ਨਹੀਂ ਹੈ।

ਐਨਆਰਆਈ ਬੋਲੀਕਾਰਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਪਾਸਪੋਰਟ ਦੇ ਫੋਟੋ ਪੰਨੇ ਦੀ ਇੱਕ ਕਾਪੀ ਨੱਥੀ ਕਰਨੀ ਚਾਹੀਦੀ ਹੈ ਅਤੇ ਆਪਣੀ ਬੋਲੀ ਨੂੰ ਭਾਰਤੀ ਮਿਸ਼ਨ (ਦੂਤਾਵਾਸ) ਦੁਆਰਾ ਸਹੀ ਢੰਗ ਨਾਲ ਸਮਰਥਿਤ ਕਰਨਾ ਚਾਹੀਦਾ ਹੈ। ਚੱਲ/ਅਚੱਲ ਜਾਇਦਾਦ ਜਿਵੇਂ ਹੈ, ਜਿੱਥੇ ਹੈ ਅਤੇ ਜਿਵੇਂ ਹੈ, ਕਿਸ ਆਧਾਰ 'ਤੇ ਵੇਚੀ ਜਾ ਰਹੀ ਹੈ ਅਤੇ ਨਿਯਮਾਂ ਅਨੁਸਾਰ ਪ੍ਰਕਾਸ਼ਨ ਖਰਚੇ, ਮਾਲੀਆ ਅਤੇ ਹੋਰ ਦੇਣਦਾਰੀਆਂ ਦੇ ਅਧੀਨ ਹੈ। ਹੇਠਾਂ ਹਸਤਾਖਰ ਕਰਨ ਵਾਲੇ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ, ਜੇਕਰ ਗੈਰ-ਵਾਜਬ ਪਾਇਆ ਜਾਂਦਾ ਹੈ ਜਾਂ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਸਮੇਂ ਨਿਲਾਮੀ ਨੂੰ ਮੁਲਤਵੀ ਕਰ ਸਕਦਾ ਹੈ।

ਇਸ ਵਿਕਰੀ ਘੋਸ਼ਣਾ ਦੇ ਵੇਰਵੇ ਵੈੱਬਸਾਈਟ www.drt.gov.in 'ਤੇ ਦੇਖੇ ਜਾ ਸਕਦੇ ਹਨ।

ਜਾਇਦਾਦ ਦਾ ਵੇਰਵਾ

ਲੜੀ ਨੰ.	ਜਾਇਦਾਦ ਦਾ ਵੇਰਵਾ	ਜਾਇਦਾਦ ਜਾਂ ਉਸ ਦੇ ਹਿੱਸੇ ਉੱਪਰ ਅਨੁਮਾਨਿਤ ਮਾਲੀਆ	ਜਾਇਦਾਦ ਉੱਪਰ ਦੇਣ ਵਾਲੇ ਬਕਾਇਆ ਦਾ ਵੇਰਵਾ	ਦਾਅਵੇ, ਜੇਕਰ ਕੋਈ ਹੋਣ, ਜਿਨ੍ਹਾਂ ਨੂੰ ਜਾਇਦਾਦ ਉੱਪਰ ਅੱਗੇ ਪਾਇਆ ਗਿਆ ਹੈ ਅਤੇ ਕਿਸਮ ਤੇ ਵੈਲਿਊ ਸਬੰਧੀ ਜਾਣਕਾਰੀ ਜੇਕਰ ਕੋਈ ਹੋਵੇ
1.	4ਕ-0ਮ ਮਾਪ ਵਾਲੀ ਖੇਤੀਬਾੜੀ ਜ਼ਮੀਨ ਜਿਸ ਵਿੱਚ ਸ਼ਾਮਲ ਹੈ ਵਿੱਚ ਕੇ.ਕੇ. ਨੰ: 267/286, ਖਸਰਾ ਨੰ: 57//11(8-0) 12(8-0) ਕੁੱਲ 16ਕ-0ਮ, 'ਚੋਂ 1/4 ਹਿੱਸੇ ਦੀ ਹੱਦ ਤੱਕ ਯਾਨੀ 4ਕ-0ਮ, ਪਿੰਡ ਸੇਖਨ ਮਾਜਰਾ, ਐਚ.ਬੀ. ਨੰਬਰ 275, ਤਹਿਸੀਲ ਮੋਹਾਲੀ, ਜ਼ਿਲਾ ਸਾਲ 2011-12 ਦੀ ਜਮ੍ਹਾਂਬੰਦੀ ਅਨੁਸਾਰ ਐਸ.ਏ.ਐਸ ਨਗਰ, ਮੋਹਾਲੀ। ਹਰਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ ਦੀ ਮਲਕੀਅਤ	Not Known	Not Known	Not Known

ਨੋਟ:- ਇਹ ਮੇਰੇ ਦਸਤਖ਼ਤਾਂ ਅਤੇ ਮੋਹਰ ਹੇਠ ਮਿਤੀ 27.07.2026 ਨੂੰ ਜਾਰੀ ਕੀਤਾ ਗਿਆ।

ਸਹੀ/-ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)